Punjabi

# ਪ੍ਰੋਸਟੇਟ ਅਲਟ੍ਰਾਸਾਉਂਡ ਸਕੈਨ ਕਰਾਉਣ ਵਾਲੇ ਰੋਗੀਆਂ ਲਈ ਜਾਣਕਾਰੀ

Information for patients having a

# Prostate Ultrasound Scan

---

Vancouver Coastal Health
Promoting wellness. Ensuring care.

Providence Health Care
How you want to be treated.

fraserhealth
Better health. Best in health care.

ਕਿਰਪਾ ਕਰਕੇ ਆਪਣੇ ਆਪ ਨੂੰ ਚੈੱਕ-ਇਨ ਕਰਨ ਵਾਸਤੇ ਸਮਾਂ ਦੇਣ ਲਈ ਜਲਦੀ ਪੁੱਜੋ। ਕਿਰਪਾ ਕਰਕੇ ਆਪਣੇ ਨਾਲ ਫੋਟੋ ਸ਼ਨਾਖਤ ਅਤੇ ਆਪਣਾ ਬੀਸੀ BC Care Card (ਨਿਜੀ ਸੇਹਤ ਨੰਬਰ) ਲੈ ਕੇ ਆਓ।

12 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਨੂੰ ਆਪਣੇ ਨਾਲ ਨਾ ਲੈ ਕੇ ਆਓ ਜੇ ਤੁਸੀਂ ਆਪਣੀ ਜਾਂਚ ਦੇ ਦੌਰਾਨ ਉਨ੍ਹਾਂ ਦੀ ਦੇਖਭਾਲ ਲਈ ਕਿਸੇ ਹੋਰ ਨੂੰ ਨਹੀਂ ਲੈ ਕੇ ਆਉਂਦੇ।

**ਸਾਡਾ ਸਟਾਫ ਤੁਹਾਡੇ ਨਾਲ ਅੰਗ੍ਰੇਜ਼ੀ ਵਿੱਚ ਗੱਲ ਕਰੇਗਾ। ਜੇ ਤੁਸੀਂ ਅੰਗ੍ਰੇਜ਼ੀ ਵਿੱਚ ਰਵਾਂ ਨਹੀਂ ਹੋ, ਕਿਰਪਾ ਕਰਕੇ ਆਪਣੇ ਨਾਲ ਇੱਕ ਬਾਲਗ ਅਨੁਵਾਦਕ ਨੂੰ ਲੈ ਕੇ ਆਓ ਜੋ ਪੂਰੀ ਜਾਂਚ ਦੇ ਦੌਰਾਨ ਤੁਹਾਡੇ ਨਾਲ ਠਹਿਰਣ ਦੇ ਯੋਗ ਹੋਵੇ।**

ਜੇ ਤੁਸੀਂ ਆਪਣੀ ਮਿੱਥੀ ਮੁਲਾਕਾਤ ਵਿੱਚ ਹਾਜ਼ਰ ਨਹੀਂ ਹੋ ਸਕਦੇ, ਕਿਰਪਾ ਕਰਕੇ ਉਸੇ ਵੇਲ੍ਹੇ ਵਿਭਾਗ ਨੂੰ ਫੋਨ ਕਰੋ। ਸਾਨੂੰ ਘੱਟ ਤੋਂ ਘੱਟ 24 ਘੰਟੇ ਪਹਿਲੇ ਸੂਚਨਾ ਮਿਲਣ ਤੇ ਅਸੀਂ ਤੁਹਾਡੇ ਸਮੇਂ ਨਿਰਧਾਰਨ ਦੀ ਵਰਤੋਂ ਦੂਜੇ ਰੋਗੀ ਲਈ ਕਰਨ ਯੋਗ ਹੁੰਦੇ ਹਾਂ।ਤੁਹਾਡੇ ਫੋਨ ਕਰਨ ਤੇ ਅਸੀਂ ਤੁਹਾਨੂੰ ਤੁਹਾਡੀ ਜਾਂਚ ਲਈ ਦੂਜੀ ਤਰੀਖ ਅਤੇ ਸਮਾਂ ਦੇਣ ਦੀ ਕੋਸ਼ਿਸ਼ ਕਰਾਂਗੇ।

ਕਿਰਪਾ ਕਰਕੇ ਆਪਣੀ ਮਿੱਥੀ ਮੁਲਾਕਾਤ ਤੇ ਇਤਰ, ਕੋਲੋਨ, ਜਾਂ ਆਫਟਰਸ਼ੇਵ ਨਾ ਲਗਾਓ। ਕਈ ਲੋਕਾਂ ਨੂੰ ਖੁਸ਼ਬੂਦਾਰ ਪਦਾਰਥਾਂ ਤੋਂ ਅਲਰਜ਼ੀ ਹੁੰਦੀ ਹੈ ਅਤੇ ਗੰਭੀਰ ਪ੍ਰਤੀਕਿਰਿਆਵਾਂ ਸਹਾਰ ਸਕਦੇ ਹਨ।

## ਪ੍ਰੋਸਟੇਟ ਸਕੈਨ
## The Prostate Scan

ਤੁਹਾਡੇ ਡਾਕਟਰ ਨੇ ਤੁਹਾਡੀ ਪ੍ਰੋਸਟੇਟ ਗਿਲਟੀ ਦਾ ਇੱਕ ਅਲਟ੍ਰਾਸਾਉਂਡ ਸਕੈਨ ਕਰਾਉਣ ਦਾ ਹੁਕਮ ਦਿੱਤਾ ਹੈ। ਤੁਹਾਨੂੰ ਆਪਣੇ ਬਲੈਡਰ ਨੂੰ ਖਾਲੀ ਕਰਨ ਲਈ ਕਿਹਾ ਜਾਵੇ ਗਾ ਅਤੇ ਕਮਰ ਤੋ ਥੱਲੇ ਦੇ ਕੱਪੜਿਆਂ ਨੂੰ ਉਤਾਰਣ ਲਈ ਕਿਹਾ ਜਾਵੇਗਾ। ਤੁਸੀਂ ਆਪਣੇ ਘੁਟਨਿਆਂ ਦੇ ਬਲ ਤੇ ਆਪਣੇ ਖੱਬੇ ਪਾਸੇ ਵੱਲ ਲੇਟੋਗੇ ਅਤੇ ਇੱਕ ਛੋਟੇ ਪ੍ਰੋਬ (ਅਲਟ੍ਰਾਸਾਉਂਡ ਟ੍ਰਾਂਸਡਊਸਰ) ਨੂੰ ਤੁਹਾਡੇ ਗੁਦਾ ਦੁਆਰ ਵਿੱਚ ਪਾਇਆ ਜਾਵੇਗਾ। ਇਸ ਤੋਂ ਬਾਅਦ ਪ੍ਰੋਸਟੇਟ ਗਿਲਟੀ ਦੀਆਂ ਅਲਟ੍ਰਾਸਾਉਂਡ ਤਸਵੀਰਾਂ ਲਿੱਤੀਆਂ ਜਾਣਗੀਆਂ। ਵਿੱਚ ਪਾਉਣ ਤੋਂ ਪਹਿਲਾਂ, ਪ੍ਰੋਬ ਨੂੰ ਦੋ ਕੰਡੋਮ ਅਤੇ ਤੇਲੀਅ ਜੈੱਲ ਨਾਲ ਢੱਕਿਆ ਜਾਵੇ ਗਾ।

## ਸਕੈਨ ਵਿਚ ਕਿੰਨਾ ਸਮਾਂ ਲੱਗੇਗਾ?
## How Long Will the Scan Take?

ਅਸਲ ਵਿੱਚ ਸਕੈਨ ਕਰਨ ਦਾ ਸਮਾਂ ਆਮ ਤੌਰ ਤੇ 5–10 ਮਿੰਟ ਹੈ, ਪਰ ਤੁਹਾਨੂੰ 45 ਮਿੰਟਾਂ ਤੱਕ ਇੱਕ ਕਮਰੇ ਵਿੱਚ ਰੱਖਿਆ ਜਾਵੇਗਾ, ਤੱਦ ਤੱਕ ਤਕਨੀਕੀਕਾਰ ਉਪਕਰਨ ਨੂੰ ਤਿਆਰ ਕਰਦਾ ਹੈ ਅਤੇ ਤੁਹਾਡੇ ਤੋਂ ਕੁਝ ਸੁਆਲ ਪੁੱਛਦਾ ਹੈ।

## ਮੈਨੂੰ ਪ੍ਰਕਿਰਿਆ ਲਈ ਤਿਆਰੀ ਕਿਵੇਂ ਕਰਨੀ ਚਾਹੀਦੀ ਹੈ?
## How Should I Prepare for the Procedure?

ਤੁਹਾਡਾ ਯੂਰੋਲੋਜਿਸਟ (ਮੂਤਰ ਵਿਗਿਆਨੀ) ਤੁਹਾਡੇ ਲਈ ਰੋਗਾਣੂਨਾਸ਼ਕ ਦਵਾਈ ਨਿਰਧਾਰਤ ਕਰੇਗਾ ਅਤੇ ਤੁਹਾਨੂੰ ਇਸ ਨੂੰ ਸਕੈਨ ਤੋਂ ਪਹਿਲਾਂ ਅਤੇ ਬਾਅਦ ਵਿੱਚ ਲੈਣ ਲਈ ਕਹੇਗਾ। ਉਹ ਤੁਹਾਨੂੰ ਸਕੈਨ ਤੋਂ ਪਹਿਲਾਂ ਆਪਣਾ ਪੇਟ ਸਾਫ ਕਰਨ ਦੀ ਇੱਕ ਸਧਾਰਨ ਕਿਰਿਆ ਕਰਨ ਲਈ ਵੀ ਕਹੇਗਾ।

## ਸਕੈਨ ਵਿਚ ਕਿਵੇਂ ਮਹਿਸੂਸ ਹੋਵੇਗਾ?
## How Will the Scan Feel?

ਰੋਗੀ ਆਮ ਤੌਰ ਤੇ ਇਸ ਸਕੈਨ ਵਿੱਚ ਕੋਈ ਪਰੇਸ਼ਾਨੀ ਮਹਿਸੂਸ ਨਹੀਂ ਕਰਦੇ ਅਤੇ ਤੁਸੀਂ ਇੱਥੋਂ ਜਾਣ ਤੋਂ ਬਾਅਦ ਆਪਣੀ ਸਧਾਰਨ ਕਿਰਿਆਵਾਂ ਤੇ ਵਾਪਸ ਜਾ ਸਕਦੇ ਹੋ। ਜੇ ਤੁਹਾਡੇ ਵਿਭਾਗ ਤੋਂ ਜਾਣ ਤੋਂ ਬਾਅਦ ਸਮੱਸਿਆਵਾਂ ਆਉਂਦੀਆਂ ਹਨ, ਕਿਰਪਾ ਕਰਕੇ ਆਪਣੇ ਪਰਿਵਾਰਕ ਡਾਕਟਰ ਜਾਂ ਯੂਰੋਲੋਜਿਸਟ ਨਾਲ ਸੰਪਰਕ ਕਰੋ।

## ਅਪਰੇਸ਼ਨ ਦੇ ਘੰਟੇ:

ਸੋਮਵਾਰ:

ਮੰਗਲਵਾਰ:

ਬੁੱਧਵਾਰ:

ਵੀਰਵਾਰ:

ਸ਼ੁੱਕਰਵਾਰ:

ਸ਼ਨਿੱਚਰਵਾਰ:

ਐਤਵਾਰ:

## ਸੰਪਰਕ ਨੰਬਰ

**ਰੋਗੀ ਦਾ ਨਾਂ:** ____________________

**ਮਿੱਥੀ ਮੁਲਾਕਾਤ ਦੀ ਤਰੀਖ:** ____________________

**ਮਿੱਥੀ ਮੁਲਾਕਾਤ ਦਾ ਸਮਾਂ:** ____________________

ਹੋਰ ਕਾਪੀਆਂ ਲਈ, **http://vch.eduhealth.ca** ਤੇ ਆਨਲਾਈਨ ਜਾਓ ਜਾਂ
**phem@vch.ca** ਤੇ ਈ-ਮੇਲ ਕਰੋ ਅਤੇ ਕੈਟਾਲ਼ਗ ਨੰਬਰ ਦਸੋ **EC.600.I54.PU**
© Vancouver Coastal Health, March 2017

ਇਸ ਦਸਤਾਵੇਜ਼ ਵਿੱਚ ਦਿੱਤੀ ਗਈ ਜਾਣਕਾਰੀ ਪੂਰਨ ਤੌਰ ਤੇ ਸਿਰਫ
ਉਸ ਵਿਅਕਤੀ ਲਈ ਹੈ ਜਿਸਨੂੰ ਇਹ ਸੁਆਸਥ ਦੇਖਭਾਲ ਟੀਮ ਦੁਆਰਾ ਦਿੱਤਾ ਗਿਆ ਸੀ।

www.vch.ca